**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ**
**(ਰਿਕਾਰਡ ਸ਼ਾਖਾ)**

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) (ਐ:ਸਿ)।
2. ਪ੍ਰਿੰਸੀਪਲ ਡਾਈਟਸ
3. ਪ੍ਰਿੰਸੀਪਲ ਸਰਕਾਰੀ ਕਾਲਜ
4. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ/ਸਰਕਾਰੀ ਹਾਈ ਸਕੂਲਜ।
5. ਪ੍ਰਾਈਵੇਟ ਏਡਿਡ ਸਕੂਲ/ ਮਾਨਤਾ ਪ੍ਰਾਪਤ ਸਕੂਲਾਂ ਦੇ ਮੁੱਖੀ।

ਮੀਮੋ ਨੰ: 1/1-2016 ਸੁ ਰਿਕਾਰਡ/ 201621791-92

ਮਿਤੀ: 13/06/18

ਵਿਸ਼ਾ:- ਪੰਜਾਬ ਸਿੱਖਿਆ ਵਿਭਾਗ ਤੋਂ ਭੇਜੀ ਜਾਣ ਵਾਲੀ ਡਾਕ ਲਈ ਹਰ ਇੱਕ ਸਕੂਲ/ਸੰਸਥਾ/ਦਫਤਰ ਅਤੇ ਕਰਮਚਾਰੀ/ ਰਿਟਾਇਰੀ ਦੀ ਈਮੇਲ ਆਈ.ਡੀ ਭੇਜਣ ਬਾਰੇ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ:1/1-2016 ਸੁ ਰਿਕਾਰਡ/201816893 ਮਿਤੀ 22.05.18 ਦੇ ਸਬੰਧ ਵਿੱਚ।

ਪੰਜਾਬ ਰਾਜ ਦੇ ਸਿੱਖਿਆ ਵਿਭਾਗ (ਸਕੂਲ ਸਿੱਖਿਆ) ਤੋਂ ਅਧੀਨ ਦਫਤਰਾਂ ਨੂੰ ਡਿਸਪੈਚ ਸਕੈਨਡ ਕਾਪੀ, ਈ-ਮੇਲ ਰਾਹੀਂ ਭੇਜੀ ਜਾਂਦੀ ਹੈ ਜ਼ੋ ਕਿ ਸਬੰਧਤ ਸਕੂਲ ਮੁੱਖੀ/ ਕਰਮਚਾਰੀ ਤੱਕ ਪੁੱਜਣ ਵਿੱਚ ਸਮਾਂ ਲੱਗ ਜਾਂਦਾ ਹੈ। ਇਸ ਮੰਤਵ ਲਈ ਵੱਖ-ਵੱਖ ਸਕੂਲਾਂ/ਸੰਸਥਾਵਾਂ/ਦਫਤਰਾਂ/ ਸਬੰਧਤ ਵਿਅਕਤੀਆਂ/ ਅਧਿਕਾਰੀਆਂ/ ਕਰਮਚਾਰੀਆਂ/ ਰਿਟਾਇਰੀਜ ਨੂੰ ਵਿਭਾਗ ਨਾਲ ਲਿਖਾ ਪੜੀ ਕਰਨ ਸਮੇਂ ਆਪਣੇ ਹਸਤਾਖਰਾਂ ਦੇ ਨਾਲ ਆਪਣੀ ਈ-ਮੇਲ ਆਈ.ਡੀ ਅਤੇ ਮੋਬਾਇਲ ਨੰਬਰ ਲਿਖਣ ਲਈ ਕਿਹਾ ਗਿਆ ਸੀ,ਤਾਂ ਜ਼ੋ ਵਿਭਾਗ ਵੱਲੋਂ ਭੇਜੇ ਜਾਣ ਵਾਲੇ ਪੱਤਰ ਈ-ਮੇਲ ਰਾਹੀਂ ਉਨ੍ਹਾਂ ਨੂੰ ਤੁਰੰਤ ਭੇਜੇ ਜਾ ਸਕਣ।

ਪ੍ਰੰਤੂ ਵੇਖਣ ਵਿੱਚ ਆਇਆ ਹੈ ਕਿ ਅਧੀਨ ਦਫਤਰਾਂ ਵੱਲੋਂ ਉਕਤ ਹੁਕਮਾਂ ਨੂੰ ਹੁਣ ਤੱਕ ਅਮਲ ਵਿੱਚ ਨਹੀਂ ਲਿਆਂਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)/(ਐ:ਸਿ), ਪ੍ਰਿੰਸੀਪਲ ਡਾਈਟਸ, ਪ੍ਰਿੰਸੀਪਲ ਸਰਕਾਰੀ ਕਾਲਜ, ਪ੍ਰਿੰਸੀਪਲ ਸਰਕਾਰੀ ਸਕੂਲਜ/ ਮੁੱਖ ਅਧਿਆਪਕ/ਪ੍ਰਾਈਵੇਟ ਏਡਿਡ ਜਾਂ ਮਾਨਤਾ ਪ੍ਰਾਪਤ ਸਕੂਲਾਂ ਦੇ ਮੁੱਖੀਆਂ ਨੂੰ ਆਪਣੀ ਮੋਹਰ ਦੇ ਨਾਲ ਈਮੇਲ ਆਈ.ਡੀ ਜਰੂਰ ਦਰਜ ਕਰਨ ਲਈ ਵੀ ਲਿਖਿਆ ਗਿਆ ਸੀ, ਜਿਸ ਸਬੰਧੀ ਹੁਣ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।

ਇਸ ਲਈ ਸਮੂਹ ਸਕੂਲਾਂ/ ਸੰਸਥਾਵਾਂ/ ਦਫਤਰਾਂ/ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ/ ਵਿਅਕਤੀਆਂ/ ਰਿਟਾਇਰੀਜ ਨੂੰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ ਕਿ ਵਿਭਾਗ ਨਾਲ ਲਿਖਾ ਪੜੀ ਕਰਨ ਸਮੇਂ ਆਪਣੇ ਹਸਤਾਖਰਾਂ ਦੇ ਨਾਲ ਆਪਣੀ ਈ-ਮੇਲ ਆਈ.ਡੀ ਅਤੇ ਮੋਬਾਇਲ ਨੰਬਰ ਜਰੂਰ ਦਰਜ ਕੀਤਾ ਜਾਵੇ।

ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

ਪਿੱਠ ਅੰਕਣ ਨੰ: ਉਕਤ

ਮਿਤੀ, ਐਸ.ਏ.ਐਸ ਨਗਰ 13/06/18

ਉਤਾਰਾ ਸਮੂਹ ਸ਼ਾਖਾ ਅਧਿਕਾਰੀ/ਸ਼ਾਖਾ ਮੁੱਖੀਆਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਡਿਸਪੈਚ ਕੀਤੇ ਜਾਣ ਵਾਲੇ ਪੱਤਰਾਂ ਵਿੱਚ ਸਬੰਧਤ ਸਕੂਲ/ ਕਰਮਚਾਰੀ ਦੀ ਈ-ਮੇਲ ਆਈ.ਡੀ ਜਰੂਰ ਦਰਜ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ